ਨੰ: 1/26/2000-ਰਸ1 90-95

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜਰਵੇਸ਼ਨ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਾਜ ਦੇ ਸਮੂਹ ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਰਾਜ ਵਿੱਚ ਸਮੂਹ ਜਿਲ੍ਹਾ ਤੇ ਸੈਸਨਜ ਜੱਜ,
ਰਾਜ ਵਿੱਚ ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ 18 ਜਨਵਰੀ, 2006

ਵਿਸ਼ਾ:- ਰਾਜ ਵਿੱਚ 85ਵੀਂ ਸੰਵਿਧਾਨਕ ਸੋਧ ਲਾਗੂ ਹੋ ਜਾਣ ਕਾਰਨ ਮਿਤੀ 17-11-2005 ਨੂੰ ਹੋਈਆਂ ਡੀ.ਪੀ.ਸੀਜ ਨੂੰ ਰਿਵਿਊ ਕਰਨ ਬਾਰੇ।

***********

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 3/34/99-3 ਪੀਪੀ1/17646 ਮਿਤੀ 15-12-2005 ਜਿਸ ਰਾਹੀਂ ਰਾਜ ਵਿੱਚ 85ਵੀਂ ਸੰਵਿਧਾਨਕ ਸੋਧ ਲਾਗੂ ਕੀਤੀ ਗਈ ਹੈ, ਦੇ ਹਵਾਲੇ ਵਿੱਚ ਆਪ ਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਹ ਹਦਾਇਤਾਂ ਮਿਤੀ 17-11-2005 ਤੋਂ ਲਾਗੂ ਸਮਝੀਆਂ ਜਾਣੀਆਂ ਹਨ। ਭਲਾਈ ਕਮੇਟੀ ਦੇ ਚੇਅਰਮੈਨ ਵੱਲੋਂ ਭਲਾਈ ਕਮੇਟੀ ਦੀ ਮਿਤੀ 16-12-2005 ਨੂੰ ਹੋਈ ਮੀਟਿੰਗ ਵਿੱਚ ਹਦਾਇਤ ਕੀਤੀ ਗਈ ਹੈ ਕਿ ਇਨ੍ਹਾਂ ਹਦਾਇਤਾਂ ਦੇ ਸਨਮੁੱਖ ਮਿਤੀ 17-11-2005 ਅਤੇ ਇਸ ਤੋਂ ਬਾਅਦ ਹੋਈਆਂ ਡੀ.ਪੀ.ਸੀਜ ਅਤੇ ਉਹਨਾਂ ਦੀਆਂ ਸਿਫਾਰਸਾਂ ਤੇ ਪਦ-ਉੱਨਤ ਕੀਤੇ ਅਧਿਕਾਰੀਆਂ/ਕਰਮਚਾਰੀਆਂ ਦੇ ਕੇਸਾਂ ਬਾਰੇ ਰਿਵਿਊ ਕੀਤਾ ਜਾਵੇ।

2. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਵਿੱਚ ਅਤੇ ਆਪ ਦੇ ਅਧੀਨ ਆਉਂਦੇ ਸਮੂਹ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ, ਸੰਸਥਾਵਾਂ ਵਿੱਚ ਮਿਤੀ 17-11-2005 ਅਤੇ ਇਸ ਤੋਂ ਬਾਅਦ ਹੋਈਆਂ ਡੀ.ਪੀ.ਸੀਜ ਅਤੇ ਉਨ੍ਹਾਂ ਦੀ ਸਿਫਾਰਸ਼ ਤੇ ਹੋਈਆਂ ਪਦ-ਉੱਨਤੀਆਂ ਅਤੇ ਗਰੁੱਪ ਬੀ (ਨਾਨ ਗਜਟਿਡ) ਤੇ ਗਰੁੱਪ ਸੀ ਅਤੇ ਡੀ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਦਾ ਰਿਵਿਊ ਕੀਤਾ ਜਾਵੇ ਅਤੇ ਲੋੜੀਂਦੀ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ। ਕੀਤੀ ਗਈ ਕਾਰਵਾਈ ਬਾਰੇ ਇਸ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇ ਜੀ।

ਵਿਸਵਾਸ਼ਪਾਤਰ

(ਐਸ.ਐਸ.ਸਿੱਧੂ)
ਸੰਯੁਕਤ ਸਕੱਤਰ ਭਲਾਈ

ਚਲਦਾ .........

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰਾਂ,
ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰਾਂ।

ਅੰ.ਵਿ.ਪ. ਨੰ: 1/26/2●●●-ਰਸ1 96-98 ਮਿਤੀ, ਚੰਡੀਗੜ੍ਹ 18.1.●6
ਪਿੱਠ ਅੰਕਣ ਨੰ: 1/26/2●●●-ਰਸ1 99-1●● ਮਿਤੀ, ਚੰਡੀਗੜ੍ਹ 18.1.●6

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਵਿਧਾਨ ਸਭਾ (ਭਲਾਈ ਕਮੇਟੀ ਸਾਖਾ)
2. ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ।

ਸੰਯੁਕਤ ਸਕੱਤਰ ਭਲਾਈ

ਪਿੱਠ ਅੰਕਣ ਨੰ: 1/26/2●●●-ਰਸ1 1●1 ਮਿਤੀ, ਚੰਡੀਗੜ੍ਹ 18.1.●6

ਇਸਦਾ ਇੱਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ